# Call on Prime Minister by the Rt Hon Alok Sharma MP, COP26 President-designate

February 16, 2021

---

# COP26 ਦੇ ਪ੍ਰਧਾਨ ਰਾਈਟ ਆਨਰੇਰੀ ਆਲੋਕ ਸ਼ਰਮਾ ਐਮ ਪੀ ਮਿਲੇ ਪ੍ਰਧਾਨ ਮੰਤਰੀ ਨੂੰ

16 ਫਰਵਰੀ, 2021

26ਵੀਂ ਸੰਯੁਕਤ ਰਾਸ਼ਟਰ ਮੌਸਮੀ ਤਬਦੀਲੀ ਕਾਨਫਰੰਸ ਪਾਰਟੀਜ਼ (COP26) ਦੇ ਪ੍ਰਧਾਨ ਰਾਈਟ ਆਨਰੇਰੀ ਆਲੋਕ ਸ਼ਰਮਾ ਐਮ ਪੀ ਨੇ ਅੱਜ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। COP ਦਾ ਮਤਲਬ ਹੈ ਮੌਸਮੀ ਤਬਦੀਲੀ ਬਾਰੇ ਯੂਨਾਈਟਿਡ ਨੇਸ਼ਨਜ਼ ਫਰੇਮਵਰਕ ਕਨਵੈਨਸ਼ਨ (UNFCC) ਦੀ ਫੈਸਲੇ ਲੈਣ ਵਾਲੀ ਸੰਸਥਾ, ਜਿਸ ਦਾ 26ਵਾਂ ਸਤਰ ਇੰਗਲੈਂਡ ਦੁਆਰਾ ਨਵੰਬਰ, 2021 ਵਿੱਚ ਗਲਾਸਗੋ ਵਿਖੇ ਆਯੋਜਿਤ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਅਤੇ ਸ਼੍ਰੀ ਆਲੋਕ ਸ਼ਰਮਾ ਨੇ COP26 ਹੋਣ ਤੱਕ ਮੌਸਮੀ ਤਬਦੀਲੀ ਨਾਲ ਜੁੜੇ ਮੁੱਦਿਆਂ ਉੱਤੇ ਭਾਰਤ-ਬ੍ਰਿਟੇਨ ਭਾਈਵਾਲੀ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਪੈਰਿਸ ਸਮਝੌਤੇ ਅਤੇ COP26 ਨੂੰ ਸਫਲ ਬਣਾਉਣ ਲਈ ਉਸਾਰੂ ਕੰਮ ਕਰਨ ਪ੍ਰਤੀ ਭਾਰਤ ਦੀ ਪ੍ਰਤੀਬੱਧਤਾ ਦੁਹਰਾਈ। ਸ਼੍ਰੀਮਾਨ ਸ਼ਰਮਾ ਨੇ ਦਸੰਬਰ, 2020 ਵਿਚ ਜਲਵਾਯੂ ਅਭਿਲਾਸ਼ਾ ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਭਾਸ਼ਣ ਨੂੰ ਨਿੱਘੇ ਤਰੀਕੇ ਨਾਲ ਯਾਦ ਕੀਤਾ।

ਪ੍ਰਧਾਨ ਮੰਤਰੀ ਨੇ ਭਾਰਤ-ਬ੍ਰਿਟੇਨ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨਾਲ ਮਿਲਕੇ ਕੰਮ ਕਰਨ ਪ੍ਰਤੀ ਵਚਨਬੱਧਤਾ ਵੀ ਜ਼ਾਹਰ ਕੀਤੀ।

ਨਵੀਂ ਦਿੱਲੀ
16 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.